# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 01-11-2024**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਭਾਰਤ ਇਕ ਰਾਸ਼ਟਰ ਇੱਕ ਸਿਵਲ ਜ਼ਾਬਤੇ ਵੱਲ ਵਧ ਰਿਹਾ ਏ ਜੋ ਕਿ ਧਰਮ ਨਿਰਪੱਖ ਸਿਵਲ ਜ਼ਾਬਤਾ ਏ. ਕੱਲ੍ਹ ਗੁਜਰਾਤ ਦੇ ਕੇਵੜੀਆ ਵਿਖੇ 'ਰਾਸ਼ਟਰੀ ਏਕਤਾ ਦਿਵਸ' ਸਮਾਰੋਹ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਧਰਮ ਨਿਰਪੱਖ ਸਿਵਲ ਜ਼ਾਬਤਾ ਵਿਤਕਰੇ ਨੂੰ ਖਤਮ ਕਰਨ ਦੀ ਕੁੰਜੀ ਏ । ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਅਸੀਂ ਸਾਰੇ ਇਕ ਰਾਸ਼ਟਰ ਇੱਕ ਪਛਾਣ-AADHAR  ਦੀ ਸਫਲਤਾ ਦੇਖ ਰਹੇ ਹਾਂ ਅਤੇ ਦੁਨੀਆ ਇਸ 'ਤੇ ਚਰਚਾ ਵੀ ਕਰ ਰਹੀ ਏ.  ਉਨ੍ਹਾਂ ਕਿਹਾ ਕਿ, ਪਹਿਲਾਂ ਭਾਰਤ ਵਿੱਚ ਵੱਖ-ਵੱਖ ਟੈਕਸ ਪ੍ਰਣਾਲੀਆਂ ਸਨ, ਪਰ ਅਸੀਂ ਇਕ੍ ਰਾਸ਼ਟਰ ਇੱਕ ਟੈਕਸ ਸਿਸਟਮ – GST ਬਣਾਇਆ. ਪ੍ਰਧਾਨ ਮੰਤਰੀ ਨੇ ਕਿਹਾ ਕਿ, ਉਨ੍ਹਾਂ ਦੀ ਸਰਕਾਰ ਨੇ ਇੱਕ ਰਾਸ਼ਟਰ ਇੱਕ ਪਾਵਰ ਗਰਿੱਡ ਨਾਲ ਦੇਸ਼ ਦੇ ਬਿਜਲੀ

ਖੇਤਰ ਨੂੰ ਮਜ਼ਬੂਤ ਕੀਤਾ ਅਤੇ ਇੱਕ ਰਾਸ਼ਟਰ ਇੱਕ ਰਾਸ਼ਨ ਕਾਰਡ ਰਾਹੀਂ ਗਰੀਬਾਂ ਲਈ ਉਪਲਬਧ ਸਹੂਲਤਾਂ ਨੂੰ ਸੰਗਠਿਤ ਕੀਤਾ ਏ. ਸ੍ਰੀ ਮੋਦੀ ਨੇ ਕਿਹਾ  ਕਿ ਅਸੀਂ ਆਯੁਸ਼ਮਾਨ ਭਾਰਤ ਦੇ ਰੂਪ ਵਿੱਚ ਦੇਸ਼ ਦੇ ਲੋਕਾਂ ਨੂੰ ਇੱਕ ਰਾਸ਼ਟਰ ਇੱਕ ਸਿਹਤ ਬੀਮਾ ਦੀ ਸਹੂਲਤ ਪ੍ਰਦਾਨ ਕੀਤੀ ਏ। ਉਨ੍ਹਾਂ ਕਿਹਾ ਕਿ, ਏਕਤਾ ਲਈ ਸਾਡੀਆਂ ਕੋਸ਼ਿਸ਼ਾਂ ਤਹਿਤ, ਅਸੀਂ ਹੁਣ ਇਕ ਰਾਸ਼ਟਰ ਇਕ ਚੋਣ ਲਈ ਕੰਮ ਕਰ ਰਹੇ ਹਾਂ, ਜਿਸ ਨਾਲ ਭਾਰਤ ਦੇ ਲੋਕਰਾਜ ਨੂੰ ਮਜ਼ਬੂਤੀ ਮਿਲੇਗੀ, ਭਾਰਤ ਦੇ ਵਸੀਲਿਆਂ ਦੀ ਬਿਹਤਰੀਨ ਵਰਤੋਂ ਹੋਏਗੀ ਅਤੇ ਦੇਸ਼ ਇਕ, ਵਿਕਸਤ ਭਾਰਤ ਦੇ ਸੁਪਨੇ ਨੂੰ ਹਕੀਕਤ ‘ਚ ਬਦਲਣ ਵੱਲ ਨਵੀਂ ਰਫਤਾਰ ਹਾਸਿਲ ਕਰੇਗਾ।

---

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਤੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਪੰਜਾਬ, ਹਰਿਆਣਾ ਸਮੇਤ  ਕਈ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਰਾਜਾਂ ਦੇ ਸਥਾਪਨਾ ਦਿਵਸ ਦੇ ਮੌਕੇ  'ਤੇ ਸ਼ੁਭਕਾਮਨਾਵਾਂ ਦਿੱਤੀਆਂ ਨੇ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਰਾਸ਼ਟਰਪਤੀ ਮੁਰਮੂ

ਨੇ ਦੇਸ਼ ਦੀ ਵਿਕਾਸ ਯਾਤਰਾ ਵਿੱਚ ਇਹਨਾਂ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਲੋਕਾਂ ਵੱਲੋਂ ਪਾਏ ਯੋਗਦਾਨ  'ਤੇ ਚਾਨਣਾ ਪਾਇਆ। ਇਸ ਦੌਰਾਨ, ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਕਾਮਨਾ ਕੀਤੀ ਕਿ ਇਹ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼, ਦੇਸ਼ ਦੀ ਸ਼ਾਂਤੀ ਅਤੇ ਖੁਸ਼ਹਾਲੀ ਵਿੱਚ ਯੋਗਦਾਨ ਪਾਉਂਦੇ ਹੋਏ ਵਧਦੇ-ਫੁੱਲਦੇ ਅਤੇ ਤਰੱਕੀ ਕਰਦੇ ਰਹਿਣ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਇਹਨਾਂ ਰਾਜਾਂ ਦੇ ਭਰਵੇਂ ਇਤਿਹਾਸਕ ਵਿਰਸੇ ਦੀ ਗੱਲ ਕੀਤੀ ਤੇ ਕਾਮਨਾ ਕੀਤੀ ਕਿ ਇਹ ਹਰ ਖੇਤਰ 'ਚ ਵਿਕਾਸ ਦੇ ਨਵੇਂ ਮਿਆਰ ਕਾਇਮ ਕਰਦੇ ਰਹਿਣ ।

-----------------------------------------------------------------

ਬੰਦੀ ਛੋੜ ਗੁਰਪੁਰਬ ਅਤੇ ਦਿਵਾਲੀ ਦਾ ਤਿਉਹਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਬਹੁਤ ਧਾਰਮਿਕ ਸ਼ਰਧਾ ਅਤੇ ਉਤਸਾਹ ਦੇ ਨਾਲ ਮਨਾਇਆ ਜਾਵੇਗਾ । ਇਸ ਮੌਕੇ ਦੇਸ਼ ਵਿਦੇਸ਼ਾਂ ਤੋਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਸੱਚਖੰਡ ਸ੍ਰੀ ਹਰਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪਹੁੰਚ ਰਹੀਆਂ ਨੇ। ਅੱਜ ਸ਼ਾਮ ਨੂੰ 5 ਵਜੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੱਖ ਕੌਮ ਦੇ ਨਾਂ ਤੇ ਸੰਦੇਸ਼ ਜਾਰੀ

ਕਰਨਗੇ। ਉਪਰੰਤ ਸ਼ਾਮ ਵੇਲੇ ਦੇਸ਼ ਵਿਦੇਸ਼ਾਂ ਤੋਂ ਲੱਖਾਂ ਦੀ ਗਿਣਤੀ ਵਿੱਚ ਪਹੁੰਚੇ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ ਦੇ ਪਾਵਨ ਪਵਿੱਤਰ ਸਰੋਵਰ ਦੇ ਕਿਨਾਰੇ ਘਿਓ ਦੇ ਦੀਵੇ ਬਾਲਕੇ ਬੰਦੀ ਛੋੜ ਗੁਰਪੁਰਬ ਦੀ  ਖੁਸ਼ੀਆਂ ਮਨਾਉਣਗੇ ।

---------------------------------------------------------

ਦੀਵਾਲੀ ਅਤੇ ਛਠ ਪੂਜਾ ਦੇ ਮੌਜੂਦਾ ਤਿਉਹਾਰਾਂ ਦੇ ਮਦੇਨਜਰ ਨਿਰਵਿਘਨ ਅਤੇ ਆਰਾਮਦਾਇਕ ਯਾਤਰਾ ਨੂੰ ਯਕੀਨੀ ਬਣਾਉਣ ਲਈ, ਉੱਤਰੀ ਰੇਲਵੇ ਦੇ ਫਿਰੋਜ਼ਪੁਰ ਡਿਵੀਜ਼ਨ ਵਲੋਂ ਵਿਸ਼ੇਸ਼ ਰੇਲਗੱਡੀਆਂ ਚਲੀਆਂ ਜਾ ਰਹੀਆਂ ਨੇ । ਅੱਜ 1 ਨਵੰਬਰ, 2024 ਨੂੰ ਦੁਪਹਿਰ ਬਾਅਦ ਚਲਣ ਵਾਲਿਆਂ ਇਹਨਾਂ ਵਿਸ਼ੇਸ਼ ਰੇਲਗੱਡੀਆਂ ਵਿਚ ਬਠਿੰਡਾ ਜੰਕਸ਼ਨ ਤੋਂ ਵਾਰਾਣਸੀ ਜੰਕਸ਼ਨ ਜਾਨ ਵਾਲੀ ਗੱਡੀ ਸ਼ਾਮਿਲ ਹੈ ਜੋ ਰਾਤ 8 ਵੱਜ ਕੇ 50 ਮਿੰਟ ਤੇ ਚਲੇਗੀ ਅਤੇ ਅੰਮ੍ਰਿਤਸਰ ਤੋਂ ਕਟਿਹਾਰ ਲਈ ਰੇਲਗੱਡੀ ਦੁਪਹਿਰ 1 .25 ਮਿੰਟ ਤੇ ਚਲੇਗੀ ।

---------------------------------------------------------

ਰਾਸ਼ਟਰੀ ਆਯੁਰਵੇਦ ਦਿਵਸ ਦੇ ਮੌਕੇ ਤੇ ਪੰਜਾਬ ਦੇ ਸਿਹਤ ਤੇ

ਪਰਿਵਾਰ ਭਲਾਈ ਮੰਤਰੀ ਬਲਬੀਰ ਸਿੰਘ ਨੇ ਆਯੁਰਵੈਦਿਕ ਮੈਡੀਕਲ ਅਫ਼ਸਰ ਡਾਕਟਰ ਰੁਪਾਲੀ ਕੋਹਲੀ ਨੂੰ ਸੂਬਾ ਪੱਧਰੀ ਧਨਵੰਤਰੀ ਐਵਾਰਡ ਨਾਲ ਸਨਮਾਨਤ ਕੀਤਾ ਏ। ਮੋਹਾਲੀ ਵਿਖੇ ਬੀਤੇ ਦਿਨੀਂ ਹੋਏ ਇਕ ਸਮਾਗਮ ਦੌਰਾਨ ਡਾਕਟਰ ਰੁਪਾਲੀ ਨੇ ਇਹ ਵੱਕਾਰੀ ਐਵਾਰਡ ਹਾਸਲ ਕੀਤਾ। ਜਲੰਧਰ ਜ਼ਿਲ੍ਹੇ ਦੇ ਰੇਰੂ ਵਿਖੇ ਆਯੁਰਵੈਦਿਕ ਡਿਸਪੈਂਸਰੀ ਵਿੱਚ ਸੇਵਾਵਾਂ ਨਿਭਾ ਰਹੇ ਡਾਕਟਰ ਰੁਪਾਲੀ ਨੂੰ ਆਯੁਰਵੇਦ ਅਤੇ ਯੋਗ ਦੇ ਖੇਤਰ ਵਿੱਚ ਦਿੱਤੀਆਂ ਜਾ ਰਹੀਆਂ ਵਡਮੁੱਲੀਆਂ ਸੇਵਾਵਾਂ ਲਈ ਇਸ ਐਵਾਰਡ ਨਾਲ ਨਿਵਾਜਿਆ ਗਿਆ ਏ। ਡਾਕਟਰ ਰੁਪਾਲੀ ਕੋਹਲੀ ਨੇ ਦੱਸਿਆ ਕਿ ਉਹ ਪਿਛਲੇ ਕੋਈ ਤੇਰਾਂ ਸਾਲ ਤੋਂ ਆਯੁਰਵੇਦ ਤੇ ਯੋਗ ਦੇ ਖੇਤਰ ਵਿੱਚ ਲਗਾਤਾਰ ਕੰਮ ਕਰ ਰਹੇ ਨੇ। ਉਨ੍ਹਾਂ ਦੱਸਿਆ ਕਿ ਪਿੱਛਲੇ ਤਿੰਨ ਸਾਲ ਤੋਂ ਉਹ ਰੋਜ਼ਾਨਾ ਸਵੇਰੇ ਸ਼ਾਮ ਔਰਤਾਂ ਲਈ ਆਨਲਾਈਨ ਯੋਗ ਦੀਆਂ ਕਲਾਸਾਂ ਲਗਾ ਰਹੇ ਨੇ ਜਿਹਨਾਂ ਵਿਚ ਦੇਸ਼ ਹੀ ਨਹੀਂ ਵਿਦੇਸ਼ ਤੋਂ ਵੀ ਕਈ ਔਰਤਾਂ ਜੁੜੀਆਂ ਹੋਈਆਂ ਨੇ ਅਤੇ ਇਸ ਰਾਹੀਂ ਉਹ ਔਰਤਾਂ ਨੂੰ ਮੌਜੂਦਾ ਭਜ-ਨੱਠ ਵਾਲੇ ਜੀਵਨ ਨੂੰ ਸੁਖਾਲਾ ਤੇ ਤਣਾਅ ਰਹਿਤ ਬਣਾਉਣ ਵਿੱਚ ਯੋਗਦਾਨ ਦੇ ਰਹੇ ਨੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ

ਵੱਲੋਂ ਦਿੱਤਾ ਗਿਆ ਇਹ ਧਨਵੰਤਰੀ ਐਵਾਰਡ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਵਧੇਰੇ ਕੰਮ ਕਰਨ ਲਈ ਪ੍ਰੇਰਿਤ ਕਰੇਗਾ।

-------------------------------------------------------------

ਫਾਜ਼ਿਲਕਾ ਦੇ ਜ਼ਿਲਾ ਮੈਜਿਸਟ੍ਰੇਟ ਅਮਰਪ੍ਰੀਤ ਕੌਰ ਸੰਧੂ ਨੇ ਭਾਰਤੀਆ ਨਜਾਯ ਸੁਰਕ੍ਸ਼ਾ ਸੰਹਿਤਾ ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋ ਕਰਦਿਆਂ ਜ਼ਿਲ੍ਹੇ ਅੰਦਰ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਨੇ. ਇਹ ਪਾਬੰਦੀਆਂ 31 ਦਸੰਬਰ 2024 ਤੱਕ ਲਾਗੂ ਰਹਿਣਗੀਆਂ ਅਤੇ ਉਲੰਘਣਾ ਕਰਨ ਵਾਲਿਆਂ ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪਾਬੰਦੀਆਂ ਅਨੁਸਾਰ ਫਾਜਿਲਕਾ ਵਿੱਚ ਸ਼ਾਮ ਨੂੰ ਸੂਰਜ ਡੁੱਬਣ ਤੋਂ ਬਾਅਦ ਅਤੇ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਗਊਵੰਸ਼ ਦੀ ਢੋਆ ਢੁਆਈ ਤੇ ਪੂਰਨ ਪਾਬੰਦੀ ਲਈ ਗਈ ਏ ਤੇ ਗਊਵੰਸ਼ ਰਖਣ ਵਾਲੇ ਲੋਕਾਂ ਨੂੰ ਇਸਨੂੰ ਪਸ਼ੂ ਪਾਲਣ ਵਿਭਾਗ ਕੋਲ ਰਜਿਸਟਰ ਕਰਾਉਣ ਲਈ ਕਿਹਾ ਗਿਆ ਏ। ਇੱਸ ਤੋਂ ਇਲਾਵਾ ਕਿਸੇ ਵੀ ਰੈਸਟੋਰੈਂਟ ਵਿਚ ਹੁੱਕਾ ਪੇਸ਼ ਕਰਨ ਅਤੇ ਚਾਈਨਾ ਡੋਰ ਵੇਚਣ, ਇਸਦੇ ਭੰਡਾਰਨ ਅਤੇ ਵਰਤੋਂ ਕਰਨ ਤੇ ਪਾਬੰਦੀ ਲਗਾਈ ਗਈ ਏ।

----------------------------------------------------------------------

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦੌਰਾਨ ਨਗਰ ਨਿਗਮ ਲੁਧਿਆਣਾ ਦੇ ਡਾਟਾ ਐਂਟਰੀ ਆਪਰੇਟਰ ਗੁਰਦੀਪ ਸਿੰਘ ਉਰਫ਼ ਸੰਨੀ ਨੂੰ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਏ। ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਦੇ ਅਨੁਸਾਰ ਉਕਤ ਮੁਲਜ਼ਮ ਦੀ ਇਹ ਗ੍ਰਿਫਤਾਰੀ ਹਾਲ ਹੀ ਵਿੱਚ ਹੋਈਆਂ ਪੰਚਾਇਤੀ ਚੋਣਾਂ ਵਿੱਚ ਪਿੰਡ ਸ਼ਾਂਤੀ ਵਿਹਾਰ, ਭਾਮੀਆਂ ਕਲਾਂ ਤੋਂ ਸਰਪੰਚ ਦੇ ਅਹੁਦੇ ਲਈ ਖੜ੍ਹੇ ਉਮੀਦਵਾਰ ਅਤੇ ਜੀਟੀਬੀ ਨਗਰ, ਲੁਧਿਆਣਾ ਦੇ ਵਸਨੀਕ ਅਮਨਦੀਪ ਸਿੰਘ ਚੰਡੋਕ ਵੱਲੋਂ ਦਰਜ ਕਰਵਾਈ ਗਈ ਇੱਕ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਏ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਅਗੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਵਿਜੀਲੈਂਸ ਬਿਓਰੋ ਦੇ ਥਾਣਾ ਲੁਧਿਆਣਾ ਰੇਂਜ ਵਿਖੇ ਭ੍ਰਿਸ਼ਟਾਚਾਰ ਦਾ ਮੁਕੱਦਮਾ ਦਰਜ ਕਰ ਲਿਆ ਗਿਆ ਏ ਅਤੇ ਕੇਸ ਦੀ ਅਗਲੇਰੀ ਜਾਂਚ ਜਾਰੀ ਏ।